ਦਫ਼ਤਰ ਡਾਇਰੈਕਟਰ, ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ, ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਮੋਹਾਲੀ ਫੋਨ ਨੰ: 0172-2212221, ਫੈਕਸ ਨੰ: 0172-2212793

## ਯਾਦ ਪੱਤਰ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿੱ./ਸੈ.ਸਿੱ.) ਪੰਜਾਬ

ਸਮੂਹ ਸਕੂਲ ਮੁੱਖੀ ਪੰਜਾਬ।

ਮੀਮੋ ਨੰ: 5/32-2018 SE

ਮਿਤੀ 17/12/2018

ਵਿਸ਼ਾ:- ਸਿੱਖਣ ਪ੍ਰਾਪਤੀਆਂ (ਲਰਨਿੰਗ ਆਉਟਕਮਜ਼) ਜਮਾਤ ਪਹਿਲੀ ਤੋਂ ਅੱਠਵੀਂ ਨੂੰ ਸਕੂਲ ਅਤੇ ਜਮਾਤ ਕਮਰਿਆਂ ਵਿੱਚ ਚਾਰਟਾਂ ਰਾਹੀਂ ਪ੍ਰਦਰਸ਼ਿਤ ਕਰਨ ਸੰਬੰਧੀ।

ਉਪਰੋਕਤ ਵਿਸ਼ੇ ਦੇ ਸੰਬੰਧ:

1. ਐਸ.ਸੀ.ਈ.ਆਰ.ਟੀ.ਪੰਜਾਬ ਵੱਲੋਂ ਪਹਿਲੀ ਜਮਾਤ ਤੋਂ ਅੱਠਵੀਂ ਜਮਾਤ ਤੱਕ ਵਿਸ਼ਾ ਵਾਰ ਸਿੱਖਣ ਪ੍ਰਾਪਤੀਆਂ ਨਿਰਧਾਰਿਤ ਕੀਤੀਆਂ ਗਈਆਂ ਹਨ।
2. ਸਿੱਖਣ ਪ੍ਰਾਪਤੀਆਂ ਨੂੰ ਆਰ.ਟੀ.ਈ.ਐਕਟ 2009 ਦੇ ਅਧੀਨ ਲਿਆ ਕੇ ਸਮੁੱਚੇ ਰਾਜ ਵਿੱਚ ਵਿਦਿਆਰਥੀਆਂ,ਅਧਿਆਪਕਾਂ ਅਤੇ ਮਾਪਿਆਂ ਲਈ ਲਾਗੂ ਕੀਤਾ ਗਿਆ ਹੈ।
3. ਵਿਦਿਆਰਥੀਆਂ,ਅਧਿਆਪਕਾਂ ਅਤੇ ਮਾਪਿਆਂ ਲਈ ਸਿੱਖਣ ਪ੍ਰਾਪਤੀਆਂ ਦੇ ਦਸਤਾਵੇਜ਼ ਨੂੰ ਐਸ.ਐਸ.ਏ.ਦੀ ਵੈਬਸਾਈਟ ਉੱਤੇ ਅਪਲੋਡ ਕੀਤਾ ਗਿਆ ਹੈ।ਜ਼ਿਕਰਯੋਗ ਹੈ ਕਿ ਦਸਤਾਵੇਜ਼ ਪੀ.ਡੀ.ਐਫ ਰੂਪ ਵਿੱਚ ਹੈ ਜੋ ਸਹਿਜੇ ਹੀ ਮੋਬਾਇਲ ਫੋਨ ਉੱਤੇ ਡਾਊਨਲੋਡ ਕਰਕੇ ਪੜ੍ਹਿਆ ਜਾ ਸਕਦਾ ਹੈ।
4. ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਦਸਤਾਵੇਜ਼ ਵਿੱਚ ਦਿੱਤੀਆਂ ਜਮਾਤਵਾਰ ਅਤੇ ਵਿਸ਼ਾਵਾਰ ਸਿੱਖਣ ਪ੍ਰਾਪਤੀਆਂ ਨੂੰ ਚਾਰਟ ਬਣਾ ਕੇ ਸਕੂਲ ਅਤੇ ਜਮਾਤ ਕਮਰਿਆਂ ਵਿੱਚ ਪ੍ਰਦਰਸ਼ਿਤ ਕੀਤਾ ਜਾਵੇ।
5. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ ਸਹਿਬਾਨ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਿੱਖਣ ਪ੍ਰਾਪਤੀਆਂ ਦਾ ਚਾਰਟਾਂ ਰਾਹੀਂ ਸਕੂਲਾਂ ਵਿੱਚ ਪ੍ਰਦਰਸ਼ਨ ਯਕੀਨੀ ਬਣਾਇਆ ਜਾਵੇ ਤਾਂ ਜੋ SA-ii ਦੀ ਮੁਲਾਂਕਣ ਪ੍ਰੀਖਿਆ ਵਿੱਚ ਵਿਦਿਆਰਥੀਆਂ ਦੀ performance ਹੋਰ ਬਿਹਤਰ ਹੋ ਸਕੇ।

ਉਕਤ ਹਦਾਇਤਾਂ ਦੀ ਇਨਬਿਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ